ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

# ਖੋਜਨਾਮਾ

## ਜਿਲਦ-1

**ਅੰਕ-2 (ਸਤੰਬਰ-ਦਸੰਬਰ 2023)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ



**ਪ੍ਰੋ. ਨਾਬਿਲਾ ਰਹਿਮਾਨ**

ਵਾਇਸ ਚਾਂਸਲਰ, ਯੂਨੀਵਰਸਿਟੀ ਆਫ ਝੰਗ
ਅਤੇ ਡਾਇਰੈਕਟਰ, ਇੰਸਟੀਚਿਊਟ ਆਫ
ਪੰਜਾਬੀ ਐਂਡ ਕਲਚਰਲ ਸਟੱਡੀ,
ਯੂਨੀਵਰਸਿਟੀ ਆਫ ਪੰਜਾਬ, ਲਾਹੌਰ,
ਪਾਕਿਸਤਾਨ।



**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**

ਪ੍ਰੋਫੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ। ।



**ਡਾ. ਸਿੰਕਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ
ਬਠਿੰਡਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**ਕੀਮਤ:- ਤੁਹਾਡਾ ਸਹਿਯੋਗ ਅਤੇ ਕੀਮਤੀ ਸੁਝਾਅ**

**ਵੈੱਬ:-khojnama.com**

**ਮੇਲ. Khojnamapb03@gmail.com**

**ਮੋ. +91 98776-61770**

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ,
ਪੰਜਾਬ (ਭਾਰਤ) ਵਿਖੇ ਹੀ ਵਿਚਾਰਨਯੋਗ ਹੋਵੇਗਾ।

# ਤਤਕਰਾ


| ਲੜੀ | ਸਿਰਲੇਖ | ਲੇਖਕ | ਪੰਨਾ |
|---|---|---|---|
| | ❖ ਖੋਜ ਖੰਡ | | |
| 1 | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | 1-4 |
| 2 | ਮੇਰੀ ਫ਼ਿਲਮੀ ਆਤਮਕਥਾ ਵਿੱਚ ਪ੍ਰਸਤੁਤ ਬਲਰਾਜ ਸਾਹਨੀ ਦਾ ਜੀਵਨ-ਬਿੰਬ ਅਤੇ ਜੀਵਨ-ਦ੍ਰਿਸ਼ਟੀ :ਪਾਠਾਤਮਕ ਅਧਿਐਨ | ਡਾ. ਰਮਨਪ੍ਰੀਤ ਕੌਰ | 5-16 |
| 3 | ਪਾਠ ਭਾਸ਼ਾ ਵਿਗਿਆਨ: ਭਾਰਤੀ ਭਾਸ਼ਾ ਚਿੰਤਨ ਅਤੇ ਕਾਵਿ ਸ਼ਾਸਤਰ ਦਾ ਸੰਦਰਭ | ਡਾ. ਮਨਜਿੰਦਰ ਸਿੰਘ | 17-26 |
| 4 | ਬੈਨੇਡਿਕਟ ਐਂਡਰਸਨ ਦੀ ਨਜ਼ਰ ਵਿਚ ਰਾਸ਼ਟਰ ਦੀ ਉਤਪਤੀ ਅਤੇ ਭਾਸ਼ਾ ਦਾ ਮਹੱਤਵ | ਡਾ. ਅਮਨਦੀਪ ਸਿੰਘ | 27-34 |
| 5 | ਪੰਜਾਬੀ ਲੋਕਧਾਰਾ ਅਤੇ ਸੰਚਾਰ ਮਾਧਿਅਮ: ਬਦਲਦੇ ਪਰਿਪੇਖ | ਡਾ. ਹਰਜਿੰਦਰ ਸਿੰਘ | 35-43 |
| 6 | ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਸਰੋਕਾਰ | ਡਾ. ਰਮਨਦੀਪ ਕੌਰ<br>ਮਨਿੰਦਰ ਕੌਰ | 44-51 |
| 7 | ਨੈਨੋ ਨਾਟਕ :ਵਿਧਾ ,ਵਿਧਾਨ ਅਤੇ ਵਿਕਾਸ | ਡਾ. ਕੁਲਦੀਪ ਸਿੰਘ ਦੀਪ | 52-72 |
| 8 | ਪੰਜਾਬੀ ਰੰਗਮੰਚ ਤੇ ਰੰਗਕਰਮੀਆਂ ਦਾ ਨਿਕਾਸ ਤੇ ਵਿਕਾਸ | ਡਾ. ਸੋਮਪਾਲ ਹੀਰਾ | 73-79 |
| 9 | ਗੁਰੂ ਨਾਨਕ ਬਾਣੀ ਵਿੱਚ ਕੁਦਰਤ: ਸਮਕਾਲੀ ਪ੍ਰਸੰਗਿਕਤਾ | ਡਾ. ਰਵਿੰਦਰ ਕੌਰ | 80-89 |
| 10 | ਗੁਰਮੁਖੀ ਹੱਥ-ਲਿਖਤਾਂ-ਸੰਖੇਪ ਪ੍ਰੀਚੈ (ਜੰਮੂ ਕਸ਼ਮੀਰ ਦੇ ਵਿਸ਼ੇਸ਼ ਸੰਦਰਭ ਵਿੱਚ) | ਡਾ. ਜਸਬੀਰ ਸਿੰਘ ਸਰਨਾ | 90-102 |
| 11 | ਬਾਰਹਮਾਹਾ ਤੁਖਾਰੀ :ਲੋਕਧਾਰਾਈ ਪ੍ਰਸੰਗ | ਡਾ. ਮਹੀਪਿੰਦਰ ਕੌਰ | 103-109 |

| ਲੜੀ | ਸਿਰਲੇਖ | ਲੇਖਕ | ਪੰਨਾ |
|---|---|---|---|
| 12 | ਸੱਭਿਆਚਾਰਕ ਪਛਾਣ ਦਾ ਸੁਆਲ, ਉੱਤਰਆਧੁਨਿਕ ਚਿੰਤਨ ਅਤੇ ਨਵੀਂ ਪੰਜਾਬੀ ਕਵਿਤਾ | ਪ੍ਰੋ. ਗੁਰਦੀਪ ਸਿੰਘ ਢਿੱਲੋਂ | 110-120 |
| | ❖ ਸਾਹਿਤਕ ਖੰਡ | | |
| 13 | ਕਹਾਣੀ-ਟੈਟੂ | ਸੁਰਿੰਦਰ ਗੀਤ | 121-130 |
| 14 | ਕਹਾਣੀ-ਆਪਣੇ ਘਰ ਦੀ ਖ਼ੁਸ਼ਬੂ | ਰਵਿੰਦਰ ਸਿੰਘ ਸੋਢੀ | 131-141 |
| 15 | ਗ਼ਜ਼ਲ | ਇਰਸ਼ਾਦ ਸੰਧੂ | 142-145 |
| 16 | ਨਜ਼ਮ | ਹਰਮੀਤ ਵਿਦਿਆਰਥੀ | 146-151 |
| 17 | ਨਜ਼ਮ | ਅਨਿਲ ਆਦਮ | 152-156 |
| | ❖ ਅਨੁਵਾਦ ਖੰਡ | | |
| 18 | ਚੁਕੰਦਰ ਵੇਚਣ ਵਾਲਾ ਮੁੰਡਾ- ਸਮਦ ਬਹਿਰੰਗੀ | ਅਨੁਵਾਦ- ਚਰਨ ਗਿੱਲ | 157-163 |
| | ❖ ਪੁਸਤਕ ਸਮੀਖਿਆ | | |
| 20 | ਡਾਲਰਾਂ ਦੀ ਦੌੜ ਅਤੇ ਹੋਰ ਨਾਟਕ (ਨਾਟ ਸੰਗ੍ਰਹਿ)- ਨਾਹਰ ਔਜਲਾ | ਸਮੀਖਿਆ ਸੰਜੀਵਨ ਸਿੰਘ | 164-168 |
| 21 | ਜਗਦਾ ਜਾਗਦਾ ਸ਼ਹਿਰ (ਕਾਵਿ ਸੰਗ੍ਰਹਿ)- ਮੇਵਾ ਸਿੰਘ ਤੁੰਗ | ਸਮੀਖਿਆ ਨਵ ਸੰਗੀਤ ਸਿੰਘ | 169-175 |

# ਸੰਪਾਦਕੀ

ਇਹ ਖੋਜਨਾਮਾ ਦਾ ਦੂਜਾ ਅੰਕ ਹੈ। ਬਤੌਰ ਸੰਪਾਦਕ ਇਹ ਗੱਲ ਸਾਂਝਾ ਕਰਦਿਆਂ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਖੋਜਨਾਮਾ ਨੇ ਪਹਿਲੇ ਅੰਕ ਨਾਲ ਹੀ ਸਾਹਿਤਕ ਅਤੇ ਖੋਜ ਖੇਤਰ ਵਿੱਚ ਆਪਣਾ ਨਾਂ ਬਣਾ ਲਿਆ ਹੈ। ਖੋਜਨਾਮਾ ਦੇ ਪਹਿਲੇ ਅੰਕ ਦੀ ਸਾਹਿਤਕ ਪ੍ਰੇਮੀਆਂ ਅਤੇ ਖੋਜੀਆਂ ਨੇ ਭਰਪੂਰ ਸ਼ਲਾਘਾ ਕੀਤੀ ਹੈ। ਪਾਠਕਾਂ, ਸਾਹਿਤਕਾਰਾਂ ਅਤੇ ਵਿਦਵਾਨਾਂ ਵੱਲੋਂ ਦਿੱਤੇ ਪਿਆਰ ਸਦਕਾ ਹੀ ਖੋਜਨਾਮਾ ਦਾ ਦੂਸਰਾ ਅੰਕ ਤਿਆਰ ਕਰਨ ਲਈ ਸਾਨੂੰ ਹਿੰਮਤ ਅਤੇ ਉਤਸ਼ਾਹ ਮਿਲਿਆ ਹੈ। ਇਸ ਜਰਨਲ ਨੂੰ ਸ਼ੁਰੂ ਕਰਨ ਸਮੇਂ ਮਨ ਵਿੱਚ ਅਨੇਕਾਂ ਤੌਖਲੇ, ਡਰ ਅਤੇ ਸ਼ੰਕਾਵਾਂ ਸਨ ਪਰ ਪਹਿਲੇ ਅੰਕ ਤੋਂ ਬਾਅਦ ਮਿਲੇ ਪਿਆਰ ਅਤੇ ਹੱਲਾਸ਼ੇਰੀ ਨੇ ਉਨ੍ਹਾਂ ਸਭ ਤੌਖਲਿਆਂ ਅਤੇ ਸ਼ੰਕਾਵਾਂ ਨੂੰ ਦੂਰ ਕਰ ਦਿੱਤਾ ਹੈ। ਹੱਥਲੇ ਅੰਕ ਨੂੰ ਤਿਆਰ ਕਰਨ ਸਮੇਂ ਖੋਜਨਾਮਾ ਦੀ ਸਮੁੱਚੀ ਟੀਮ ਨੇ ਪਹਿਲਾਂ ਨਾਲੋਂ ਵੀ ਵਧੇਰੇ ਮਿਹਨਤ, ਸਿਦਕ ਅਤੇ ਲਗਨ ਨਾਲ ਕੰਮ ਕੀਤਾ ਹੈ।

ਇਸ ਅੰਕ ਨੂੰ ਕ੍ਰਮਵਾਰ ਖੋਜ ਖੰਡ, ਸਾਹਿਤਕ ਖੰਡ, ਅਨੁਵਾਦ ਖੰਡ ਅਤੇ ਪੁਸਤਕ ਸਮੀਖਿਆ ਕੁੱਲ ਚਾਰ ਖੰਡਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਖੰਡ ਵਿੱਚ ਕੁੱਲ ਦਸ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ। ਜਿੰਨਾਂ ਵਿੱਚ ਪਹਿਲਾ ਖੋਜ ਪੱਤਰ ਡਾ. ਰਮਨਪ੍ਰੀਤ ਕੌਰ (ਮੁਖੀ ਪੰਜਾਬੀ ਵਿਭਾਗ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ) ਦਾ ਹੈ, ਜਿਸ ਵਿੱਚ 'ਮੇਰੀ ਫ਼ਿਲਮੀ ਆਤਮਕਥਾ' ਵਿੱਚ ਪ੍ਰਸਤੁਤ ਬਲਰਾਜ ਸਾਹਨੀ ਦਾ ਜੀਵਨ-ਬਿੰਬ ਅਤੇ ਜੀਵਨ-ਦ੍ਰਿਸ਼ਟੀ: ਪਾਠਾਤਮਕ ਅਧਿਐਨ' ਸਿਰਲੇਖ ਅਧੀਨ ਬਲਰਾਜ ਸਾਹਨੀ ਦੀ ਸਵੈ-ਜੀਵਨੀ 'ਮੇਰੀ ਫ਼ਿਲਮੀ ਆਤਮ ਕਥਾ' ਦਾ ਪਾਠਾਤਮਕ ਅਧਿਐਨ ਕਰਦਿਆਂ ਬਲਰਾਜ ਸਾਹਨੀ ਦੀ 'ਸਵੈ' ਤੋਂ 'ਪਰ' ਤੱਕ ਫੈਲੀ ਜੀਵਨ ਦ੍ਰਿਸ਼ਟੀ ਦੇ ਅਨੇਕਾਂ ਪਹਿਲੂਆਂ 'ਤੇ ਮਹੱਵਪੂਰਨ ਚਰਚਾ ਕੀਤੀ ਗਈ ਹੈ। ਦੂਜਾ ਖੋਜ ਪੱਤਰ ਡਾ. ਮਨਜਿੰਦਰ ਸਿੰਘ ( ਮੁਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਦਾ ਹੈ, ਜਿਸ ਵਿੱਚ 'ਪਾਠ ਭਾਸ਼ਾ ਵਿਗਿਆਨ: ਭਾਰਤੀ ਭਾਸ਼ਾ ਚਿੰਤਨ ਅਤੇ ਕਾਵਿ ਸ਼ਾਸਤਰ ਦਾ ਸੰਦਰਭ' ਸਿਰਲੇਖ ਅਧੀਨ ਭਰਤ੍ਰਹਰੀ ਦੇ ਭਾਸ਼ਾ-ਚਿੰਤਨ, ਬੋਧੀ ਚਿੰਤਨ-ਦ੍ਰਿਸ਼ਟੀ ਅਤੇ ਆਨੰਦ ਵਰਧਨ ਦੇ ਧੁਨੀ ਸਿਧਾਂਤ ਆਦਿ ਦੇ ਹਵਾਲੇ ਨਾਲ ਭਾਰਤੀ ਗਿਆਨ-ਪਰੰਪਰਾ ਵਿੱਚ ਸਾਹਿਤਕ ਪਾਠਾਂ ਦੇ ਅਧਿਐਨ ਸਬੰਧੀ ਭਾਸ਼ਾ-ਕੇਂਦਰਤ ਪਹੁੰਚ-ਵਿਧੀ ਦੀ ਪੁਰਾਤਨਤਾ ਨੂੰ ਸਮਝਣ/ਸਮਝਾਉਣ ਦਾ ਸਫਲ ਯਤਨ ਕੀਤਾ ਗਿਆ ਹੈ। ਤੀਜਾ ਖੋਜ ਪੱਤਰ ਡਾ. ਅਮਨਦੀਪ ਸਿੰਘ (ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ) ਦਾ ਹੈ, ਜਿਸ ਵਿੱਚ 'ਬੈਨੇਡਿਕਟ ਐਂਡਰਸਨ ਦੀ ਨਜ਼ਰ ਵਿਚ ਰਾਸ਼ਟਰ ਦੀ

ਉਤਪਤੀ ਅਤੇ ਭਾਸ਼ਾ ਦਾ ਮਹੱਤਵ' ਸਿਰਲੇਖ ਅਧੀਨ ਏਸ਼ੀਆ ਦੇ ਦੱਖਣੀ-ਪੂਰਬੀ ਖੇਤਰ ਦੇ ਮਾਹਿਰ ਮੰਨੇ ਜਾਂਦੇ ਚੀਨ ਵਿੱਚ ਐਂਗਲੋ-ਆਇਰਸ਼ ਮਾਪਿਆਂ ਦੇ ਘਰ ਜਨਮੇ ਡਾ. ਬੈਨੇਡਿਕਟ ਐਂਡਰਸਨ ਦੁਆਰਾ ਦਿੱਤੇ ਸਿਧਾਂਤਾਂ ਦੇ ਹਾਵਲੇ ਨਾਲ ਰਾਸ਼ਟਰ ਦੀ ਪਰਿਭਾਸ਼ਾ ਅਤੇ ਬਣਤਰ ਨੂੰ ਸਮਝਣ ਦੇ ਨਾਲ-ਨਾਲ ਰਾਸ਼ਟਰ ਨਿਰਮਾਣ ਵਿੱਚ ਭਾਸ਼ਾ ਦੇ ਮਹੱਤਵ ਨੂੰ ਸਮਝਣ ਦਾ ਸਫਲ ਯਤਨ ਕੀਤਾ ਗਿਆ ਹੈ ਅਤੇ ਇਸ ਨੂੰ ਪੰਜਾਬ ਦੇ ਵਿਸ਼ੇਸ਼ ਸੰਦਰਭ ਵਿੱਚ ਵੀ ਵਿਚਾਰਿਆ ਗਿਆ ਹੈ। ਚੌਥਾ ਖੋਜ ਪਰਚਾ ਡਾ. ਹਰਜਿੰਦਰ ਸਿੰਘ (ਸਹਾਇਕ ਪ੍ਰੋਫੈਸਰ, ਪੰਜਾਬੀ ਅਤੇ ਡੋਗਰੀ ਵਿਭਾਗ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ) ਦਾ ਹੈ, ਜਿਸ ਵਿੱਚ 'ਪੰਜਾਬੀ ਲੋਕਧਾਰਾ ਅਤੇ ਸੰਚਾਰ ਮਾਧਿਅਮ: ਬਦਲਦੇ ਪਰਿਪੇਖ' ਸਿਰਲੇਖ ਅਧੀਨ ਇੱਕੀਵੀਂ ਸਦੀ ਵਿੱਚ ਵਿਗਿਆਨਕ ਅਤੇ ਉਦਯੋਗਿਕ ਕ੍ਰਾਂਤੀ ਦੇ ਅੰਤਰਗਤ ਪੈਦਾ ਹੋਏ ਅਤਿ-ਵਿਕਸਤ ਸੰਚਾਰ ਸਾਧਨਾਂ ਰਾਹੀਂ ਪੰਜਾਬੀ ਜਨ-ਜੀਵਨ ਦੇ ਰਸਮਾਂ-ਰਿਵਾਜ਼ਾਂ ਅਤੇ ਕਲਾਵਾਂ ਆਦਿ ਵਿੱਚ ਆਏ ਪਰਿਵਰਤਨ ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਪੰਜਾਵਾਂ ਖੋਜ ਪੱਤਰ ਡਾ. ਰਮਨਪ੍ਰੀਤ ਕੌਰ (ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ) ਅਤੇ ਪ੍ਰੋ. ਮਨਿੰਦਰ ਕੌਰ (ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਵੱਲੋਂ ਸਾਂਝੇ ਤੌਰ 'ਤੇ ਲਿਖਿਆ ਗਿਆ ਹੈ। ਜਿਸ ਵਿੱਚ 'ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਸਰੋਕਾਰ' ਸਿਰਲੇਖ ਅਧੀਨ ਪ੍ਰਵਾਸੀ ਕਹਾਣੀਕਾਰਾ ਵੀਨਾ ਵਰਮਾ ਦੇ 'ਫ਼ਰੰਗੀਆਂ ਦੀ ਨੂੰਹ' ਅਤੇ 'ਜੋਗੀਆਂ ਦੀ ਧੀ' ਕਹਾਣੀ ਸੰਗ੍ਰਹਿ ਵਿੱਚ ਦਰਜ ਚੋਣਵੀਆਂ ਕਹਾਣੀਆਂ ਦਾ ਅਧਿਐਨ ਕਰਕੇ ਨਾਰੀ, ਖਾਸਕਰ ਪ੍ਰਵਾਸੀ ਨਾਰੀ ਦੇ ਜੀਵਨ ਨਾਲ ਜੁੜੇ ਮਸਲਿਆਂ ਅਤੇ ਦਿੱਕਤਾਂ ਆਦਿ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਛੇਵਾਂ ਖੋਜ ਪੱਤਰ ਡਾ. ਕੁਲਦੀਪ ਸਿੰਘ ਦੀਪ (ਪ੍ਰਸਿੱਧ ਪੰਜਾਬੀ ਨਾਟਕਕਾਰ ਅਤੇ ਆਲੋਚਕ) ਦਾ ਹੈ। ਜਿਸ ਵਿੱਚ 'ਨੈਨੋ ਨਾਟਕ: ਵਿਧਾ, ਵਿਧਾਨ ਅਤੇ ਵਿਕਾਸ' ਸਿਰਲੇਖ ਅਧੀਨ ਨਾਟਕ ਦੇ ਨਵੇਂ ਪਰ ਮਹੱਤਵਪੂਰਨ ਰੂਪ 'ਨੈਨੋ ਨਾਟਕ' ਦੇ ਸਿਧਾਂਤਕ ਅਤੇ ਇਤਿਹਾਸਿਕ ਪੱਖ ਬਾਰੇ ਚਰਚਾ ਕਰਨ ਦੇ ਨਾਲ-ਨਾਲ ਮਹੱਤਵਪੂਰਨ 'ਪੰਜਾਬੀ ਨੈਨੋ ਨਾਟਕਾਂ' ਬਾਰੇ ਵੀ ਅਧਿਐਨ ਪੇਸ਼ ਕੀਤਾ ਗਿਆ ਹੈ। ਸੱਤਵਾਂ ਖੋਜ ਪੱਤਰ ਡਾ. ਸੋਮਪਾਲ ਸਿੰਘ (ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ) ਦੁਆਰਾ ਲਿਖਿਆ ਗਿਆ ਹੈ, ਜਿਸ ਵਿੱਚ 'ਪੰਜਾਬੀ ਰੰਗਮੰਚ ਤੇ ਰੰਗਕਰਮੀਆਂ ਦਾ ਨਿਕਾਸ ਤੇ ਵਿਕਾਸ' ਸਿਰਲੇਖ

ਅਧੀਨ ਪੰਜਾਬੀ ਰੰਗਮੰਚ ਦੇ ਇਤਿਹਾਸ ਅਤੇ ਨਿਕਾਸ ਬਾਰੇ ਭਰਪੂਰ ਚਰਚਾ ਕਰਦਿਆਂ, ਪੰਜਾਬੀ ਰੰਗਮੰਚ ਨੂੰ ਦਰਪੇਸ਼ ਚਣੌਤੀਆਂ ਅਤੇ ਪ੍ਰਾਪਤੀਆਂ ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਅੱਠਵਾਂ ਖੋਜ ਪੱਤਰ ਡਾ. ਰਵਿੰਦਰ ਕੌਰ (ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਖਾਲਸਾ ਕਾਲਜ, ਡਰੌਲੀ ਕਲਾਂ, ਜਲੰਧਰ) ਦੁਆਰਾ ਲਿਖਿਆ ਗਿਆ ਹੈ। ਜਿਸ ਵਿੱਚ 'ਗੁਰੂ ਨਾਨਕ ਬਾਣੀ ਵਿਚ ਕੁਦਰਤ: ਸਮਕਾਲੀ ਪ੍ਰਸੰਗਿਕਤਾ' ਸਿਰਲੇਖ ਅਧੀਨ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੇ ਹਵਾਲੇ ਨਾਲ ਕੁਦਰਤ ਦੀ ਮਹੱਤਤਾ ਸਮਝਦਿਆਂ ਮੌਜੂਦਾ ਦੌਰ ਵਿੱਚ ਇਸ ਦੀ ਲੋੜ ਅਤੇ ਮਹੱਤਵ ਨੂੰ ਸਮਝਣ/ਸਮਝਾਉਣ ਦਾ ਉਪਰਾਲਾ ਕੀਤਾ ਗਿਆ ਹੈ। ਨੌਵਾਂ ਖੋਜ ਪੱਤਰ ਡਾ. ਜਸਬੀਰ ਸਿੰਘ ਸਰਨਾ (ਸ੍ਰੀ ਨਗਰ) ਵੱਲੋਂ ਲਿਖਿਆ ਗਿਆ ਹੈ, ਜਿਸ ਵਿੱਚ 'ਗੁਰਮੁਖੀ ਹੱਥ-ਲਿਖਤਾਂ-ਸੰਖੇਪ ਪ੍ਰੀਚੈ' ਸਿਰਲੇਖ ਅਧੀਨ ਜੰਮੂ-ਕਸ਼ਮੀਰ ਵਿੱਚ ਮਿਲਦੀਆਂ ਹੱਥ ਲਿਖਤਾਂ ਦਾ ਸਰਵੇਖਣ ਪੇਸ਼ ਕੀਤਾ ਗਿਆ ਹੈ। ਦਸਵਾਂ ਖੋਜ ਪੱਤਰ ਡਾ. ਮਹੀਪਿੰਦਰ ਕੌਰ (ਮੁਖੀ ਪੰਜਾਬੀ ਵਿਭਾਗ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਝਾੜ ਸਾਹਿਬ) ਦੁਆਰਾ ਲਿਖਿਆ ਗਿਆ ਹੈ, ਜਿਸ ਵਿੱਚ 'ਬਾਰਹਮਾਹਾ ਤੁਖਾਰੀ: ਲੋਕਧਾਰਾਈ ਪ੍ਰਸੰਗ' ਸਿਰਲੇਖ ਅਧੀਨ ਗੁਰੂ ਨਾਨਕ ਦੇਵ ਜੀ ਰਚਿਤ ਬਾਰਹਮਾਹ ਤੁਖਾਰੀ ਵਿੱਚ ਗੁਰੂ ਜੀ ਵੱਲੋਂ ਮਨੁੱਖਤਾ ਨੂੰ ਉਪਦੇਸ਼ ਦੇਣ ਹਿੱਤ ਲੋਕਧਾਰਾ ਵਿੱਚੋਂ ਲਏ ਗਏ ਪ੍ਰਸੰਗਾਂ ਬਾਰੇ ਚਰਚਾ ਪੇਸ਼ ਕੀਤੀ ਗਈ ਹੈ। ਗਿਆਰਵਾਂ ਖੋਜ ਪੱਤਰ ਸ. ਗੁਰਦੀਪ ਸਿੰਘ ਢਿੱਲੋਂ (ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਖ਼ਾਲਸਾ ਕਾਲਜ, ਬੁਢਲਾਡਾ) ਦੁਆਰਾ ਲਿਖਿਆ ਗਿਆ ਹੈ, ਜਿਸ ਵਿੱਚ 'ਸੱਭਿਆਚਾਰਕ ਪਛਾਣ ਦਾ ਸੁਆਲ, ਉੱਤਰਆਧੁਨਿਕ ਚਿੰਤਨ ਅਤੇ ਨਵੀਂ ਪੰਜਾਬੀ ਕਵਿਤਾ' ਸਿਰਲੇਖ ਅਧੀਨ ਨਵੀਂ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਪੰਜਾਬ ਦੀ ਸੱਭਿਆਚਰਕ ਪਛਾਣ ਦੇ ਮਸਲੇ ਨੂੰ ਉੱਤਰਆਧੁਨਿਕ ਚਿੰਤਨ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ। ਦੂਜੇ ਭਾਗ 'ਸਾਹਿਤਕ ਖੰਡ' ਵਿੱਚ ਦੋ ਮੌਲਿਕ ਕਹਾਣੀਆਂ ਅਤੇ ਤਿੰਨ ਕਵੀਆਂ/ਸ਼ਾਇਰਾਂ ਦੀਆਂ ਰਚਨਾਵਾਂ ਨੂੰ ਛਾਪਿਆ ਗਿਆ ਹੈ। ਪਹਿਲੀ ਮੌਲਿਕ ਕਹਾਣੀ ਪ੍ਰਸਿੱਧ ਪ੍ਰਵਾਸੀ ਕਹਾਣੀਕਾਰਾ ਸੁਰਿੰਦਰ ਗੀਤ ਰਚਿਤ 'ਟੈਟੂ' ਹੈ ਅਤੇ ਦੂਜੀ ਮੌਲਿਕ ਕਹਾਣੀ ਰਵਿੰਦਰ ਸਿੰਘ ਸੋਢੀ ਰਚਿਤ 'ਆਪਣੇ ਘਰ ਦੀ ਖ਼ੁਸਬੋ' ਹੈ। ਇਸੇ ਖੰਡ ਵਿੱਚ ਕ੍ਰਮਵਾਰ ਪ੍ਰਸਿੱਧ ਪਾਕਿਸਤਾਨੀ ਸ਼ਾਇਰ ਇਰਸ਼ਾਦ ਸੰਧੂ ਦੀਆਂ ਤਿੰਨ ਗ਼ਜ਼ਲਾਂ, ਪ੍ਰਸਿੱਧ ਪੰਜਾਬੀ ਕਵੀ ਹਰਮੀਤ ਵਿਦਿਆਰਥੀ ਦੀਆਂ ਤਿੰਨ ਨਜ਼ਮਾਂ ਅਤੇ ਮਰਹੂਮ ਪੰਜਾਬੀ ਕਵੀ ਅਨਿਲ ਆਦਮ ਦੀਆਂ

ਤਿੰਨ ਨਜ਼ਮਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਤੀਜੇ ਭਾਗ 'ਅਨੁਵਾਦ ਖੰਡ' ਵਿੱਚ ਪ੍ਰਸਿੱਧ ਇਰਾਨੀ ਕਹਾਣੀਕਾਰ ਸਮਦ ਬਹਿਰੰਗੀ ਦੀ ਚਰਨ ਗਿੱਲ ਦੁਆਰਾ ਅਨੁਵਾਦਿਤ ਕੀਤੀ ਗਈ ਕਹਾਣੀ 'ਚੁਕੰਦਰ ਵੇਚਣ ਵਾਲਾ ਮੁੰਡਾ' ਸਿਰਲੇਖ ਅਧੀਨ ਦਰਜ ਹੈ।

ਅੰਤਿਮ ਅਤੇ ਚੌਥੇ ਭਾਗ 'ਪੁਸਤਕ ਸਮੀਖਿਆ' ਵਿੱਚ ਕ੍ਰਮਵਾਰ 'ਜਗਦਾ ਜਾਗਦਾ ਸ਼ਹਿਰ'(ਕਾਵਿ ਪੁਸਤਕ) ਰਚਿਤ ਮੇਵਾ ਸਿੰਘ ਅਤੇ 'ਡਲਾਰਾਂ ਦੀ ਦੌੜ ਅਤੇ ਹੋਰ ਨਾਟਕ' (ਨਾਟ ਪੁਸਤਕ) ਰਚਿਤ ਨਾਹਰ ਔਜਲਾ ਦੋ ਪੁਸਤਕਾਂ ਦੀ ਸਮੀਖਿਆ ਪ੍ਰਕਾਸ਼ਿਤ ਕੀਤੀ ਗਈ ਹੈ।

ਖੋਜਨਾਮਾ ਦਾ ਇਹ ਅੰਕ ਵੰਨਗੀ ਭਰਪੂਰ ਹੈ। ਨਿਸ਼ਚਿਤ ਹੀ ਖੋਜੀ ਅਤੇ ਸਾਹਿਤ ਰਸੀਏ ਇਸ ਅੰਕ ਦਾ ਭਰਪੂਰ ਲਾਹਾ ਲੈਣਗੇ। ਅਦਾਰਾ ਖੋਜਨਾਮਾ ਭਵਿੱਖ ਵਿੱਚ ਵੀ ਅਜਿਹੀਆਂ ਕਈ ਯੋਜਨਾਵਾਂ ਉਲੀਕ ਰਿਹਾ ਹੈ, ਜਿਸ ਨਾਲ ਜਿੱਥੇ ਪੰਜਾਬੀ ਆਲੋਚਨਾ ਅਤੇ ਖੋਜ ਖੇਤਰ ਨੂੰ ਸਥਾਪਿਤ ਅਲੋਚਕਾਂ ਅਤੇ ਖੋਜੀਆਂ ਦੇ ਵਿਚਾਰਾਂ ਨਾਲ ਹੋਰ ਅਮੀਰ ਬਣਾਇਆ ਜਾਵੇਗਾ ਉੱਥੇ ਹੀ ਨਵੇਂ ਅਲਾਚੋਕਾਂ ਅਤੇ ਖੋਜੀਆਂ ਨੂੰ ਆਪਣੇ ਵਿਚਾਰ ਰੱਖਣ ਲਈ ਮੰਚ ਵੀ ਪ੍ਰਦਾਨ ਕੀਤਾ ਜਾਵੇਗਾ। ਇਸ ਲੜੀ ਵਿੱਚ ਜਿੱਥੇ ਭਵਿੱਖ ਵਿੱਚ ਵਿਸ਼ੇਸ਼ ਅੰਕ ਕੱਢਣ ਦੀ ਯੋਜਨਾ ਹੈ ਉੱਥੇ ਹੀ ਕੁੱਝ ਮਹੱਤਵਪੂਰਨ ਖੋਜ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਵੀ ਯੋਜਨਾ ਹੈ, ਜਿਨ੍ਹਾਂ ਲਈ ਜਲਦ ਹੀ ਵਿਦਵਾਨ ਸਾਥੀਆਂ ਤੋਂ 'ਕਿਤਾਬ ਅਧਿਆਇ'(Book Chapter) ਦੀ ਮੰਗ ਕੀਤੀ ਜਾਵੇਗੀ। ਸਾਨੂੰ ਪੂਰਨ ਉਮੀਦ ਹੈ ਕਿ ਤੁਸੀਂ ਸਾਨੂੰ ਭਰਪੂਰ ਸਹਿਯੋਗ ਅਤੇ ਪਿਆਰ ਬਖ਼ਸ਼ੋਂਗੇ। ਅਦਾਰਾ ਖੋਜਨਾਮਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ।

'ਖੋਜਨਾਮਾ' ਦਾ ਇਹ ਦੂਜਾ ਅੰਕ ਤੁਹਾਡੀ ਕਚਹਿਰੀ ਵਿੱਚ ਪੇਸ਼ ਹੈ। ਉਮੀਦ ਹੈ ਇਹ ਤੁਹਾਡੀਆਂ ਆਸਾਂ 'ਤੇ ਖ਼ਰਾ ਉੱਤੇਰਗਾ। ਤੁਹਾਡੇ ਬਹੁਮੁੱਲੇ ਸੁਝਾਵਾਂ ਅਤੇ ਵਿਚਾਰਾਂ ਦਾ ਇੰਤਜ਼ਾਰ ਰਹੇਗਾ।

ਧੰਨਵਾਦ ਸਹਿਤ।

ਸੰਪਾਦਕ